StudentBounty.com

नामांक Roll No.

| | | | | | | |
|---|---|---|---|---|---|---|
| | | | | | | |

No. of Questions — 13

No. of Printed Pages — 3

**SS—25–1—Punjabi Sah. I**

**उच्च माध्यमिक परीक्षा, 2011**

**SENIOR SECONDARY EXAMINATION, 2011**

**( OPTIONAL GROUP I — HUMANITIES )**

**PUNJABI SAHITYA – First Paper**

**Time : 3 $\frac{1}{4}$ Hours** **Maximum Marks : 60**

ਪ੍ਰੀਖਿਆਰਥੀਆਂ ਲਈ ਆਮ ਹਦਾਇਤਾਂ :

1. ਸਭ ਤੋਂ ਪਹਿਲਾਂ ਪ੍ਰੀਖਿਆਰਥੀ ਆਪਣੇ ਪ੍ਰਸ਼ਨ-ਪੱਤਰ 'ਤੇ ਆਪਣਾ ਰੋਲ ਨੰਬਰ ਜ਼ਰੂਰ ਲਿਖੇ ।
2. ਸਾਰੇ ਪ੍ਰਸ਼ਨ ਕਰਨੇ ਜ਼ਰੂਰੀ ਹਨ ।
3. ਹਰ ਇੱਕ ਪ੍ਰਸ਼ਨ ਦਾ ਉੱਤਰ ਦਿੱਤੀ ਉੱਤਰ-ਪੁਸਤਿਕਾ 'ਤੇ ਹੀ ਲਿਖੋ।
4. ਜਿਨ੍ਹਾਂ ਪ੍ਰਸ਼ਨਾਂ ਦੇ ਇੱਕ ਤੋਂ ਵੱਧ ਸਾਮਾਨ ਅੰਕ ਵਾਲ਼ੇ ਭਾਗ ਹਨ, ਉਨ੍ਹਾਂ ਸਾਰਿਆਂ ਭਾਗਾਂ ਦਾ ਹੱਲ ਇੱਕ ਸਾਥ ਇੱਕ ਤਰਤੀਬ ਵਿੱਚ ਲਿਖੋ ।

StudentBounty.com



1. ਪ੍ਰਸੰਗ ਸਹਿਤ ਵਿਆਖਿਆ ਕਰੋ :- 2 + 4 + 1 = 7

ਗੁਲ ਤੇ ਖਾਰ ਪੈਦਾਇਸ਼ ਇਕਸੇ, ਇਸ ਬਾਗ਼ ਚਮਨ ਦੇ ਦੋਵੇਂ।
ਇੱਕ ਸ਼ਬ ਉਮਰ ਗੁਲਾਂ ਦੀ ਓੜਕ ਅਤੇ ਖ਼ਾਰ ਰਹੇ ਨਿਤ ਉਵੇਂ।
ਥੋੜ੍ਹਾ ਰਹਿਣ ਕਬੂਲ ਪਿਆਰੇ, ਪਰ ਤੂੰ ਖ਼ਾਰ ਨ ਹੋਵੇਂ।

**ਜਾਂ**

ਕਹੂੰ ਮਸਜਦ ਕਾ ਵਰਤਾਰਾ ਹੈ, ਕਹੂੰ ਬਨਿਆ ਠਾਕੁਰ ਦੁਆਰਾ ਹੈ।
ਕਹੂੰ ਬੈਰਾਗੀ ਜਟਧਾਰਾ ਹੈ, ਕਹੂੰ ਸ਼ੇਖ ਨਬੀ ਬਣ ਆਇਆ ਹੈ।
ਕਹੂੰ ਤੁਰਕ ਹੋ ਕਲਮਾ ਪੜ੍ਹਤੇ ਹੋ, ਕਹੂੰ ਭਗਤ ਹਿੰਦੂ ਜਪ ਕਰਤੇ ਹੋ।
ਕਹੂੰ ਘੋਰ ਗੁਫਾ ਮੇਂ ਪੜਤੇ ਹੋ, ਕਹੂੰ ਘਰ ਘਰ ਲਾਡ ਲਡਾਇਆ ਹੈ ।

2. ਪ੍ਰਸੰਗ ਸਹਿਤ ਵਿਆਖਿਆ ਕਰੋ :- 2 + 4 + 1 = 7

ਦਸ ਬਸਤੂ ਲੇ ਪਾਛੈ ਪਾਵੈ॥
ਏਕ ਬਸਤੁ ਕਾਰਨਿ ਬਿਖੋਟਿ ਗਵਾਵੈ॥
ਏਕ ਭੀ ਨ ਦੇਇ ਦਸ ਭੀ ਹਿਰਿ ਲੇਇ॥
ਤਉ ਮੂੜਾ ਕਹੁ ਕਹਾ ਕਰੇਇ॥
ਜਿਸੁ ਠਾਕਰੁ ਸਿਉ ਨਾਹੀ ਚਾਰਾ॥
ਤਾ ਕਉ ਕੀਜੈ ਸਦ ਨਮਸਕਾਰਾ॥

**ਜਾਂ**

ਹਉਮੈ ਕਿਥਹੁ ਊਪਜੈ ਕਿਤੁ ਸੰਜਮਿ ਇਹ ਜਾਇ॥
ਹਉਮੈ ਏਹੋ ਹੁਕਮੁ ਹੈ ਪਇਐ ਕਿਰਤਿ ਫਿਰਾਹਿ॥
ਹਉਮੈ ਦੀਰਘ ਰੋਗੁ ਹੈ ਦਾਰੂ ਭੀ ਇਸੁ ਮਾਹਿ॥
ਕਿਰਪਾ ਕਰੇ ਜੇ ਆਪਣੀ ਤਾ ਗੁਰ ਕਾ ਸਬਦੁ ਕਮਾਹਿ॥
ਨਾਨਕੁ ਕਹੈ ਸੁਣਹੁ ਜਨਹੁ ਇਤੁ ਸੰਜਮਿ ਦੁਖ ਜਾਹਿ॥

3. 'ਸ਼ੇਖ਼ ਫ਼ਰੀਦ ਜੀ' ਜਾਂ 'ਸ਼੍ਰੀ ਗੁਰੂ ਰਾਮਦਾਸ ਜੀ' ਦੇ ਜੀਵਨ, ਰਚਨਾਵਾਂ ਅਤੇ ਕਵਿਤਾ ਬਾਰੇ ਨੋਟ ਲਿਖੋ। 2 + 2 = 4

4. 'ਕੈ ਬਾਗੈ ਦੀ ਮੂਲ਼ੀ' ਕਾਫ਼ੀ ਵਿੱਚ ਸ਼ਾਹ ਹੁਸੈਨ ਮਨੁੱਖ ਨੂੰ ਕਿਹੜੀ ਗੱਲ ਤੋਂ ਸੁਚੇਤ ਕਰਦਾ ਹੈ ? ਆਪਣੇ ਸ਼ਬਦਾਂ ਵਿੱਚ ਲਿਖੋ। 4

StudentBounty.com



5. 'ਹਕੁ ਪਰਾਇਆ ਨਾਨਕਾ' ਸ਼ਬਦ ਵਿੱਚ ਗੁਰੂ ਨਾਨਕ ਦੇਵ ਜੀ ਨੇ ਪਰਾਇਆ ਹੱਕ ਨਾ ਖਾਣ ਬਾਰੇ ਜੋ ਵਿਚਾਰ ਦਿੱਤੇ ਹਨ, ਆਪਣੇ ਸ਼ਬਦਾਂ ਵਿੱਚ ਲਿਖੋ। 4

**ਜਾਂ**

'ਮੇਰੀ ਪਟੀਆ ਲਿਖਹੁ' ਸ਼ਬਦ ਵਿੱਚ ਪ੍ਰਹਿਲਾਦ ਦੀ ਮਾਂ ਉਸ ਨੂੰ ਕੀ ਉਪਦੇਸ਼ ਦਿੰਦੀ ਹੈ ਅਤੇ ਪ੍ਰਹਿਲਾਦ ਉਸ ਦਾ ਕੀ ਉੱਤਰ ਦਿੰਦਾ ਹੈ ? ਆਪਣੇ ਸ਼ਬਦਾਂ ਵਿੱਚ ਲਿਖੋ ।

6. 'ਮਾਪਿਆਂ ਨੂੰ ਛੱਡ ਕੇ ਕੋਈ ਧਰਮ ਕਰਮ ਸਫਲਾ ਨਹੀਂ" ਪਉੜੀ ਦਾ ਕੇਂਦਰੀ ਭਾਵ ਲਿਖੋ । 4

**ਜਾਂ**

'ਮਿਤ੍ਰ ਪਿਆਰੇ ਨੂੰ' ਸ਼ਬਦ ਦਾ ਕੇਂਦਰੀ ਭਾਵ ਆਪਣੇ ਸ਼ਬਦਾਂ ਵਿੱਚ ਲਿਖੋ ।

7. ਲੇਖਕ ਨੇ ਫ਼ਿਗਾਰੋ ਕੈਫ਼ੇ ਬਾਰੇ ਆਪਣੇ ਅਨੁਭਵ ਕਿਵੇਂ ਦੱਸੇ ਹਨ ? (ਕਲਾਕਾਰਾਂ ਦੀ ਬਸਤੀ) 4

**ਜਾਂ**

ਅਮਰੀਕਾ ਵਿੱਚ ਸਮੇਂ ਨੂੰ ਵਿਅਰਥ ਨਾ ਜਾਣ ਦੇਣ ਲਈ ਕੀ ਕੁੱਝ ਕੀਤਾ ਜਾਂਦਾ ਹੈ ? (ਅਮਰੀਕਨ ਸੱਭਿਅਤਾ)

8. ਲੇਖਕ ਨੇ ਇੰਗਲੈਂਡ ਵਿੱਚ ਕਿਹੜੇ ਵਰਗ ਦੇ ਲੋਕਾਂ ਨੂੰ ਨੀਝ ਨਾਲ਼ ਤੱਕਿਆ ਅਤੇ ਉਹਨਾਂ ਬਾਰੇ ਕੀ ਜਾਣਕਾਰੀ ਦਿੱਤੀ ? (ਇੰਗਲੈਂਡ ਅਤੇ ਭਾਰਤ) 4

9. ਸਰਦੀ ਦੇ ਮੇਲੇ ਵਿੱਚ ਲੇਖਕ ਦੇ ਅਨੁਭਵ ਕਿਸ ਪ੍ਰਕਾਰ ਦੇ ਰਹੇ ? (ਰੂਸ ਦੀ ਸਰਦੀ) 4

**ਜਾਂ**

ਲੇਖਕ ਨੇ ਅੰਡੇਮਾਨ ਤੇ ਨਿਕੋਬਾਰ ਦੇ ਵਾਸੀਆਂ ਦੀਆਂ ਕਿਹੜੀਆਂ ਸਿਫ਼ਤਾਂ ਦੱਸੀਆਂ ਹਨ ? ਕੀ ਉਹਨਾਂ ਵਿੱਚ ਕੁੱਝ ਘਾਟਾਂ ਵੀ ਹਨ ? (ਅੰਡੇਮਾਨ ਨਿਕੋਬਾਰ ਦੀ ਧਰਤੀ 'ਤੇ)

10. 'ਇਹ ਲੀਰੇ ਤਾਂ ਲੀਰਾਂ ਤੋਂ ਵੀ ਗਏ ਗੁਜ਼ਰੇ ਹਨ।' ਲੇਖਕ ਨੇ ਇਹ ਗੱਲ ਕਦੋਂ ਅਤੇ ਕਿਉਂ ਆਖੀ ? (ਯੂਰਪ ਦੀ ਫੇਰੀ)

$1\frac{1}{2} + 1\frac{1}{2} = 3$

11. 'ਮਤਰੇਈ ਮਾਂ' ਨਾਵਲ ਦੇ ਵਿਸ਼ਾ-ਵਸਤੂ ਤੇ ਚਾਨਣਾ ਪਾਉ । 5

12. 'ਜਮਨਾ' ਜਾਂ 'ਮਹਿੰਦਰ ਸਿੰਘ' ਦਾ ਪਾਤਰ ਚਿਤਰਨ ਕਰੋ । 5

13. ਪ੍ਰਸੰਗ ਸਹਿਤ ਵਿਆਖਿਆ ਕਰੋ : $2 + 3 = 5$

"ਨਹੀਂ ਭੈਣ ! ਹੁਣ ਕੋਈ ਖੇਚਲ ਕਰਨ ਦੀ ਲੋੜ ਨਹੀਂ, ਮੇਰਾ ਬਚਣਾ ਔਖਾ ਏ । ਇੱਕ ਵਾਰੀ ਕਾਕੇ ਨੂੰ ਵੇਖਣ ਲਈ ਦਿਲ ਭਟਕਦਾ ਸੀ, ਸੋ ਵੇਖ ਲਿਆ । ਮਹਾਰਾਜ ਤੁਹਾਨੂੰ ਸਲਾਮਤ ਰੱਖੇ ।"

**ਜਾਂ**

"ਮੈਂ ਇਨ੍ਹਾਂ ਚੋਚਲਿਆਂ ਨੂੰ ਨਹੀਂ ਜਾਣਦੀ, ਜਿਹੜੇ ਉਸ ਦੇ ਕੱਪੜੇ ਬੇਸ਼ੱਕ ਲੈ ਜਾਓ, ਪਰ ਆਪਣੇ ਮੁੰਡੇ ਦੀ ਮੈਂ ਇੱਕ ਲੀਰ ਵੀ ਨਹੀਂ ਲੈਣ ਦੇਣੀ, ਭਾਵੇਂ ਐਧਰੋਂ ਦਾ ਦਿਨ ਔਧਰੋਂ ਚੜ੍ਹ ਜਾਵੇ।"